# ਸਕੂਲ ਸਿੱਖਿਆ ਵਿਭਾਗ, ਪੰਜਾਬ

## ਹਫਤਾਵਾਰੀ ਈ-ਸ਼ਬਦ — ਕੰਪਿਊਟਰ ਸਾਇੰਸ Computer Science — e-Word of the Week

**ਸੈਸ਼ਨ 2022-23**

ਸ਼ੀਟ ਨੰ: 5- ਮਈ




## ਅਨਮੋਲਲਿਪੀ

ਅੱਜ ਕੱਲ ਬਹੁਤ ਸਾਰੇ ਅਜਿਹੇ ਫੌਂਟ ਮਿਲਦੇ ਹਨ ਜਿਨਾਂ ਨਾਲ ਅਸੀਂ ਕੰਪਿਊਟਰ ਤੇ ਪੰਜਾਬੀ ਵਿੱਚ ਟਾਈਪਿੰਗ ਕਰ ਸਕਦੇ ਹਾਂ, ਜਿਸ ਵਿੱਚ ਅਨਮੋਲਲਿਪੀ, ਅਸੀਸ, ਜੋਆਏ, ਰਾਵੀ, ਗੁਰਮੁੱਖੀ ਆਦਿ ਸ਼ਾਮਿਲ ਹਨ। ਪਰ ਸਭ ਤੋਂ ਜਿਆਦਾ ਵਰਤਿਆ ਜਾਣ ਵਾਲਾ **ਪੰਜਾਬੀ ਫੌਂਟ ਅਨਮੋਲਲਿਪੀ** ਹੈ। ਇਸ ਵਿੱਚ ਅਸੀਂ ਬੜੀ ਆਸਾਨੀ ਨਾਲ ਪੰਜਾਬੀ ਟਾਈਪਿੰਗ ਸਿੱਖ ਸਕਦੇ ਹਾਂ।

ਜਦੋਂ ਅਸੀਂ ਅਨਮੋਲਲਿਪੀ ਨਾਲ ਟਾਈਪ ਕਰਦੇ ਹਾਂ ਤਾਂ ਕੀਅ-ਬੋਰਡ ਤੇ ਅੰਗਰੇਜ਼ੀ ਦੇ ਅੱਖਰ ਹੀ ਹੁੰਦੇ ਹਨ ਪਰ ਲਿੱਖ ਪੰਜਾਬੀ ਵਿੱਚ ਹੁੰਦਾ ਹੈ। ਕੀਅਬੋਰਡ ਦੇ ਇਕ ਬਟਨ ਤੇ ਪੰਜਾਬੀ ਦੇ 2 ਅੱਖਰ ਹੁੰਦੇ ਹਨ ਅਤੇ ਬਟਨ ਦੇ ਉਪਰ ਵਾਲੇ ਅੱਖਰ ਨੂੰ ਲਿਖਣ ਲਈ ਕੀਬੋਰਡ ਤੋਂ ਸ਼ਿਫ਼ਟ ਕੀਅ ਪ੍ਰੈਸ ਕਰਨੀ ਪੈਂਦੀ ਹੈ।

ਉਦਾਹਰਨ ਲਈ, "**ਕੰਪਿਊਟਰ**" ਨੂੰ ਟਾਈਪ ਕਰਨ ਲਈ ਕੀਅਬੋਰਡ ਤੋਂ ਅੰਗਰੇਜ਼ੀ ਵਿੱਚ "**kMipaUtr**" ਟਾਈਪ ਕਰਨਾ ਪਵੇਗਾ।

## AnmolLipi

There are many fonts available today that allow us to type in Punjabi on a computer, including AnmolLipi, Asees, Ravi, Joy and Gurmukhi. But the **most used Punjabi font is AnmolLipi**. In this we can easily learn Punjabi typing.

When we write with AnmolLipi, there are only English letters on the keyboard but the writing is in Punjabi. One button on the keyboard has 2 Punjabi letters and to type the letter above the button you have to press shift key from the keyboard.

For example, to type "**ਕੰਪਿਊਟਰ**" you have to type "**kMipaUtr**" from keyboard into English.

### ਦਿਲਚਸਪ ਤੱਥ:

**ਸਭ ਤੇ ਜਿਆਦਾ ਵਰਤਿਆ ਜਾਣ ਵਾਲਾ ਪੰਜਾਬੀ ਫੌਂਟ ਅਨਮੋਲਲਿਪੀ ਹੈ । ਇਸ ਦੀਆਂ ਕਈ ਕਿਸਮਾ ਹਨ ਜਿਵੇ ਕਿ ਅਨਮੋਲਲਿਪੀ, ਅਨਮੋਲ ਕਲਮੀ, ਅਨਮੋਲ ਲਿਪੀ ਬੋਲਡ, ਅਨਮੋਲ ਲਿਪੀ ਹੈਵੀ, ਅਨਮੋਲ ਲਿਪੀ ਲਾਈਟ, ਅਨਮੋਲ ਲਿਪੀ ਸਲਿਮ, ਅਨਮੋਲ ਲਿਪੀ ਮੋਟੀ, ਅਨਮੋਲ ਲਿਪੀ ਮੋਟੀ ਟਾਈਟ, ਅਨਮੋਲ ਨੀਓਨ, ਅਨਮੋਲ ਉਠਿਆ, ਅਨਮੋਲ ਉਭਰੀ ਆਦਿ ।**

### Interesting Facts:

**The most used Punjabi font is AnmolLipi. Anmol Kalmi, Anmol Lipi Bold, Anmol Lipi Heavy, Anmol Lipi Light, Anmol Lipi Slim, Anmol Lipi Thick, Anmol Lipi Thick Tight, Anmol Neon, Anmol Raised, Anmol Ubhri etc. are the various variants of AnomlLipi.**